# ਸਰੀ ਦਾ ਹਾਊਸਿੰਗ ਐਕਸ਼ਨ ਪਲੈਨ ਆਪਣੇ ਨਿਰਧਾਰਿਤ ਸਮੇਂ ਤੋਂ ਅੱਗੇ

## ਹਾਊਸਿੰਗ ਐਕਸਲੇਰੇਟਰ ਫੰਡਿੰਗ ਦੇ ਅਗਲੇ ਗੇੜ ਦੀ ਸ਼ੁਰੂਆਤ

*ਤੁਰੰਤ ਰਿਲੀਜ਼ : 24 ਫਰਵਰੀ , 2025*

**ਸਰੀ, ਬੀਸੀ** - ਅੱਜ ਰਾਤ ਨੂੰ ਹੋਣ ਵਾਲੀ ਰੈਗੂਲਰ ਕੌਂਸਲ ਮੀਟਿੰਗ ਵਿੱਚ, ਹਾਊਸਿੰਗ ਐਕਸਲੇਰੇਟਰ ਫੰਡ (Housing Accelerator Fund) ਐਕਸ਼ਨ ਪਲੈਨ ਦੀ ਪ੍ਰਗਤੀ ਰਿਪੋਰਟ ਕੌਂਸਲ ਨੂੰ ਪੇਸ਼ ਕੀਤੀ ਜਾਵੇਗੀ। ਫਰਵਰੀ 2024 ਵਿੱਚ ਐਕਸ਼ਨ ਪਲੈਨ ਦੇ ਸ਼ੁਰੂ ਹੋਣ ਤੋਂ ਬਾਅਦ, ਸ਼ਹਿਰ ਨੇ ਹਾਊਸਿੰਗ ਦੀ ਮਨਜ਼ੂਰੀ ਅਤੇ ਵਿਕਾਸ ਨੂੰ ਤੇਜ਼ ਕਰਨ ਲਈ 25 ਤੋਂ ਵੱਧ ਵੱਡੇ ਪ੍ਰਕਿਰਿਆ ਸੁਧਾਰ ਲਾਗੂ ਕੀਤੇ ਹਨ। ਇਹ ਸੁਧਾਰ ਸਮਾਂ-ਸੂਚੀਆਂ ਨੂੰ ਘਟਾਉਣ, ਕੁਸ਼ਲਤਾ ਵਧਾਉਣ ਅਤੇ ਭਾਈਚਾਰੇ ਦੀ ਸਹਾਇਤਾ ਕਰਨ 'ਤੇ ਕੇਂਦਰਿਤ ਹਨ। 27 ਜਨਵਰੀ 2025 ਨੂੰ, ਸ਼ਹਿਰ ਨੂੰ HAF ਤੋਂ $23.9 ਮਿਲੀਅਨ ਦੀ ਦੂਜੀ ਫੰਡਿੰਗ ਕਿਸ਼ਤ ਪ੍ਰਾਪਤ ਹੋਈ, ਅਤੇ ਹੁਣ ਤੱਕ $95.6 ਮਿਲੀਅਨ ਵਿੱਚੋਂ 50% ਰਕਮ ਮਿਲ ਚੁੱਕੀ ਹੈ, ਜਦਕਿ ਦੋ ਹੋਰ ਭੁਗਤਾਨ ਬਾਕੀ ਹਨ।

ਮੇਅਰ ਬਰੈਂਡਾ ਲੌਕ ਨੇ ਕਿਹਾ, "ਮੈਨੂੰ ਖੁਸ਼ੀ ਹੈ ਕਿ ਸਾਡੇ ਬੀਤੇ ਵਰ੍ਹੇ ਦੌਰਾਨ ਨੀਯਤ ਕੀਤੇ ਅੱਠ ਉਪਰਾਲੇ, ਸਾਰੇ ਪੂਰੇ ਹੋ ਗਏ ਹਨ ਤੇ ਬਾਕੀ ਚੀਜ਼ਾਂ ਜਾਂ ਤਾਂ ਨਿਰਧਾਰਤ ਸਮੇਂ ਤੋਂ ਅੱਗੇ ਹਨ ਜਾਂ ਸਮੇਂ ਸਿਰ ਹਨ"। "ਦੂਜੇ ਸਾਲ ਦੀ ਹਾਊਸਿੰਗ ਐਕਸ਼ਨ ਪਲੈਨ, ਪ੍ਰਵਾਨਗੀ ਪ੍ਰਕਿਰਿਆ ਨੂੰ ਨਿਰੰਤਰ ਸੁਚਾਰੂ ਬਣਾਉਣ 'ਤੇ ਧਿਆਨ ਕੇਂਦਰਿਤ ਕਰੇਗੀ । ਕੌਂਸਲ ਕਿਫਾਇਤੀ ਅਤੇ ਵਿਭਿੰਨ ਸ਼੍ਰੇਣੀ ਦੇ ਮਕਾਨ ਦੀ ਤੁਰੰਤ ਲੋੜ ਨੂੰ ਮਾਨਤਾ ਦਿੰਦੀ ਹੈ। HAF ਐਕਸ਼ਨ ਪਲੈਨ 'ਤੇ ਅਸੀਂ ਜੋ ਵਿਕਾਸ ਕਰ ਰਹੇ ਹਾਂ ਉਹ ਇਹ ਯਕੀਨੀ ਬਣਾਉਂਦੀ ਹੈ ਕਿ ਅਸੀਂ ਥੋੜ੍ਹੇ ਅਤੇ ਲੰਬੇ ਸਮੇਂ ਲਈ, ਸਰੀ 'ਚ ਰਿਹਾਇਸ਼ੀ ਸਪਲਾਈ ਵਧਾਉਣ ਦੇ ਟੀਚੇ 'ਤੇ ਹਾਂ"।

ਸਿਟੀ ਐਕਸ਼ਨ ਪਲੈਨ ਦਾ ਦੂਜਾ ਸਾਲ, ਮਨਜ਼ੂਰੀ ਪ੍ਰਕਿਰਿਆ ਦੇ ਅਧੁਨਿਕੀਕਰਨ 'ਤੇ ਕੇਂਦਰਿਤ ਹੋਵੇਗਾ, ਜਿਸ ਵਿੱਚ ਨੀਤੀ ਸੁਧਾਰ, ਵਿਸਥਾਰਿਤ ਪੇਸ਼ੇਵਰ ਨਿਰਭਰਤਾ, ਹੋਰ ਆਨਲਾਈਨ ਪਰਮਿਟਿੰਗ ਸੁਧਾਰ ਦੇ ਨਾਲ ਸ਼ੁਰੂਆਤੀ ਕਾਰਵਾਈਆਂ ਨੂੰ ਸੁਖਾਲਾ ਬਣਾਉਣ ਲਈ ਵਧੇਰੇ ਡਾਟਾ-ਸੰਚਾਲਿਤ ਫੈਸਲਿਆਂ ਵਿੱਚ ਵਾਧਾ ਸ਼ਾਮਲ ਹੈ। ਅੱਠ ਵਿੱਚੋਂ ਚਾਰ ਪ੍ਰੋਜੈਕਟ ਸਮੇਂ ਤੋਂ ਅੱਗੇ ਹਨ, ਜਦਕਿ ਬਾਕੀ ਚਾਰ ਸਮੇਂ 'ਤੇ ਹਨ। ਦੂਜੇ ਸਾਲ ਦੀਆਂ ਤਰਜੀਹਾਂ ਦੀ ਪੂਰੀ ਸੂਚੀ ਸ਼ਹਿਰ ਦੀ ਵੈੱਬਸਾਈਟ 'ਤੇ ਮਿਲ ਸਕਦੀ ਹੈ।

FOR IMMEDIATE RELEASE CITY OF SURREY
MEDIA RELEASE

ਪਲੈਨਿੰਗ ਐਂਡ ਡਿਵੈਲਪਮੈਂਟ ਦੇ ਜਨਰਲ ਮੈਨੇਜਰ ਰੌਨ ਗਿੱਲ ਨੇ ਕਿਹਾ, "ਹਾਊਸਿੰਗ ਐਕਸ਼ਨ ਪਲੈਨ ਦੇ ਲਾਗੂ ਹੋਣ ਤੋਂ ਬਾਅਦ, ਸਿਟੀ ਸਟਾਫ ਵਿਕਾਸ ਨੂੰ ਸੁਚਾਰੂ ਬਣਾਉਣ, ਸਾਡੀਆਂ ਪ੍ਰਕਿਰਿਆਵਾਂ ਵਿੱਚ ਸੁਧਾਰ ਕਰਨ ਅਤੇ ਸੇਵਾ ਉੱਤਮਤਾ ਪ੍ਰਦਾਨ ਕਰਨ ਦੇ ਸਾਂਝੇ ਟੀਚੇ ਵੱਲ ਕੰਮ ਕਰ ਰਿਹਾ ਹੈ"। "ਮੈਨੂੰ ਉਨ੍ਹਾਂ ਉਪਰਾਲਿਆਂ 'ਤੇ ਬਹੁਤ ਮਾਣ ਹੈ ਜੋ ਸਾਡੀ ਟੀਮ ਨੇ ਹੁਣ ਤੱਕ ਪੂਰੇ ਕੀਤੇ ਹਨ, ਅਤੇ ਅਸੀਂ ਆਪਣੇ ਦੂਜੇ ਸਾਲ ਦੀਆਂ ਤਰਜੀਹਾਂ ਨੂੰ ਅੱਗੇ ਵਧਾਉਣ ਦੀ ਉਮੀਦ ਕਰਦੇ ਹਾਂ, ਜਿਸ ਵਿੱਚ ਸਾਡੀ ਪਰਮਿਟ ਪ੍ਰਵਾਨਗੀ ਪ੍ਰਕਿਰਿਆ ਦੇ ਹੋਰ ਆਧੁਨਿਕੀਕਰਨ ਤੋਂ ਲੈ ਕੇ ਅੱਪਡੇਟ ਕੀਤੇ ਮਲਟੀਫੈਮਿਲੀ ਜ਼ੋਨਾਂ ਅਤੇ ਵਧੇਰੇ ਲਚਕੀਲੇ ਜ਼ੋਨਿੰਗ ਮਾਪਦੰਡਾਂ ਤੱਕ ਕਈ ਤਰ੍ਹਾਂ ਦੇ ਸੁਧਾਰ ਸ਼ਾਮਲ ਹੋਣਗੇ। ਇਨ੍ਹਾਂ ਵਾਧਿਆਂ ਦਾ ਉਦੇਸ਼, ਵਿਕਾਸ ਅਤੇ ਪਰਮਿਟ ਦੇਣ ਦੀ ਪ੍ਰਕਿਰਿਆ ਨੂੰ ਹੋਰ ਕਾਰਗਰ ਬਣਾਉਣਾ ਹੈ।"

4 ਦਸੰਬਰ, 2023 ਨੂੰ, ਸ਼ਹਿਰ ਨੂੰ ਕੈਨੇਡਾ ਮੋਰਟਗੇਜ ਅਤੇ ਹਾਊਸਿੰਗ ਕਾਰਪੋਰੇਸ਼ਨ (CMHC) ਤੋਂ ਹਾਊਸਿੰਗ ਐਕਸ਼ਲੇਰੇਟਰ ਫੰਡ (HAF) ਲਈ $95.6 ਮਿਲੀਅਨ ਦੀ ਮਨਜ਼ੂਰੀ ਮਿਲੀ। ਸਰੀ ਦਾ HAF ਐਕਸ਼ਨ ਪਲੈਨ ਨੇ ਰਿਹਾਇਸ਼ੀ ਸਪਲਾਈ ਵਧਾਉਣ ਅਤੇ ਕਿਫਾਇਤੀ ਰਿਹਾਇਸ਼ੀ ਪ੍ਰੋਜੈਕਟਾਂ ਦਾ ਸਮਰਥਨ ਕਰਨ ਦੇ ਉਦੇਸ਼ ਨਾਲ ਅੱਠ ਪਹਿਲਕਦਮੀਆਂ ਦੀ ਰੂਪਰੇਖਾ ਤਿਆਰ ਕੀਤੀ ਹੈ।

ਸਰੀ ਵਿੱਚ ਵਿਕਾਸ ਅਤੇ ਪਰਮਿਟਿੰਗ ਸੁਧਾਰਾਂ ਬਾਰੇ ਜਾਣਕਾਰੀ ਲਈ ਸਿਟੀ ਦੀ ਵੈੱਬਸਾਈਟ 'ਤੇ ਜਾਓ।

-30-

**ਮੀਡੀਆ ਇਨਕੁਆਇਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨਜ ਲੀਡ
ਸਿਟੀ ਆਫ਼ ਸਰੀ
prabhjot.kahlon@surrey.ca
C :236-878-6263